ੴ ਸਤਿਗੁਰ ਪ੍ਰਸਾਦਿ

# ਨਿਰੋਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਮਰਪਿਤ ਸਿੱਖ ਧਰਮ

## Nirol Guru Granth Sahib Ji Dee Bani Noon Samarpit Sikh Dharm

ਡਾ. ਗੁਰਮੁਖ ਸਿੰਘ ਨਵੰਬਰ ੨੦੧੫ Second Edition

# ਭੂਮਿਕਾ

## Introduction
## Nirol Guru Granth Sahib Dee Bani Noon Samarpit Sikh Dharm

## ਨਿਰੋਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਰਪਿਤ ਸਿੱਖ ਧਰਮ

ਇਹ ਵੱਖ ਵੱਖ ਲੇਖਾਂ ਦਾ ਸੰਗ੍ਰਹ ਹੈ।

ਗੁਰਬਾਣੀ ਅਨੁਸਾਰ, ਗੁਰਬਾਣੀ ਸੱਚੀ ਬਾਣੀ ਹੈ ਤੇ ਵੇਦ ਬਾਣੀ ਕੱਚੀ ਬਾਣੀ ਹੈ।ਇਹ ਲੇਖ ਗੁਰਬਾਣੀ ਉਪਦੇਸ਼ਾਂ ਨੂੰ ਵੇਦ ਬਾਣੀ ਦੇ ਉਪਦੇਸ਼ਾਂ ਤੋਂ ਨਿਖੇੜ ਕੇ ਸਮਝਾਓਨ ਦਾ ਯਤਨ ਹੈ।

ਇਸ ਸਮੇਂ ਗੁਰਸਿੱਖ ਅਗਿਆਨਤਾ ਕਾਰਨ ਦਸਮ ਗ੍ਰੰਥ, ਸਰਬ ਲੋਹ ਗ੍ਰੰਥ ਆਦਿ ਨੂੰ ਗੁਰੂ ਗਬਿੰਦ ਸਿੰਘ ਜੀ ਦੀ ਬਾਣੀ ਸਮਝਦੇ ਹਨ। ਏਹ ਰਚਨਾਵਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਰਚੀਆਂ।

ਗੁਰੂ ਗੋਬਿੰਦ ਸਿੰਘ ਜੀ ਸਨ ੧੭੦੮ ਵਿਚ ਜੋਤੀ ਜੋਤਿ ਸਮਾਏ। ਇਸ ਤੋਂ ਤਕਰੀਬਨ ੬੦ ਸਾਲ ਬਾਅਦ ਨਿਰਮਲਿਆਂ, ਗੁਰੂ ਨਾਨਕ ਸਾਹਿਬ ਦੇ ਬਾਗੀ ਪੁੱਤਰ ਸਿਰੀ ਚੰਦ ਨੂੰ ਮੰਨਣ ਵਾਲੇ ਉਦਾਸੀਆਂ ਤੇ ਹਿੰਦੂ ਸੰਸਥਾਵਾਂ ਨੇਂ ਇਹ ਕੱਚੀਆਂ ਬਾਣੀਆਂ ਰਚੀਆਂ।ਇਹ ਕਹਿੰਦੇ ਸਨ ਬੇਦ ਬਾਣੀ ਸਤ ਹੈ, ਗੁਰਬਾਣੀ ਵੇਦਾਂ ਤੋਂ ਆਈ।

ਗੁਰਬਾਣੀ ਅਨੁਸਾਰ ਨਾਮ ਸੱਤ ਹੈ ਤੇ ਗੁਰਬਾਣੀ ਸੱਤ ਹੈ। ਗੁਰਬਾਣੀ ਨਾਮ ਰੂਪ ਇੱਕ ਏਕੰਕਾਰ ਅਬਿਨਾਸੀ ਹਸਤੀ ਪਾਰਬ੍ਰਹਮ ਤੋਂ ਆਈ, ਬੇਦ ਬਾਣੀ ਕੱਚੀ ਬਾਣੀ ਹੈ।ਬੇਦ ਸਿੰਮ੍ਰਿਤ ਸ਼ਾਸਤ੍ਰ ਨਾਮ ਨਾਮ ਰੂਪ ਇੱਕ ਏਕੰਕਾਰ ਇੱਕੋ ਇੱਕ ਅਬਿਨਾਸੀ ਹਸਤੀ ਨੂੰ ਨਹੀਂ ਜਾਣਦੇ।

ਨਿਰਮਲਿਆਂ, ਉਦਾਸੀਆਂ ਤੇ ਹਿੰਦੂ ਸੰਸਥਾਵਾਂ ਦਾ ਮੰਤਵ ਏਹ ਹੈ ਕਿ ਸਿੱਖ ਧਰਮ ਦੀ ਪੂਜਨ ਯੋਗ ਹਸਤੀ ਨਾਮ ਰੂਪ ਇੱਕੋ ਇੱਕ ਅਬਿਨਾਸੀ ਹਸਤੀ ਅਕਾਲ ਪੁਰਖ ਦੀ ਆਰਾਧਨਾਂ ਨੂੰ ਦੇਵੀ ਦੇਵਤਿਆਂ ਦੀ ਆਰਾਧਨਾਂ ਤੁੱਲ ਮੰਨਿਆਂ ਜਾਵੇ।ਇਸ

ਪਰਕਾਰ ਸਿੱਖ ਧਰਮ ਦੀ ਸੁਤੰਤਰ ਵੱਖਰੀ ਪਛਾਣ ਨੂੰ ਖਤਮ ਕਰਨਾਂ ਸੀ ਤੇ ਹਿੰਦੂ ਧਰਮ ਦੀ ਇੱਕ ਸ਼ਾਖਾ ਸਿੱਧ ਕਰਨਾਂ ਸੀ।

੧੯੪੫ ਵਿਚ ਲਾਗੂ ਕੀਤੀ ਗਈ ਸਿੱਖ ਰਹਿਤ ਮਰਯਾਦਾ ਇਸ ਭੁਲੇਖੇ ਵਿਚ ਬਨੀਂ ਕਿ ਦਸਮ ਗ੍ਰੰਥ ਆਦਿ ਗੁਰੂ ਗੋਬਿੰਦ ਜੀ ਦੀਆਂ ਰਚੀਆਂ ਬਾਣੀਆਂ ਹਨ ਜਦਕਿ ਗੁਰੂ ਗੋਬਿੰਦ ਜੀ ਨੇ ਕੋਈ ਬਾਣੀ ਨਹੀਂ ਰਚੀ।

ਇਸ ਸਮੇਂ ਸੰਸਾਰ ਦੇ ਬਹੁਤ ਸਿੱਖ ਵਿਦਵਾਨ ਇਸੇ ਨਿਰਣੇ ਤੇ ਪਹੁੰਚੇ ਹਨ ਕਿ ਦਸਮ ਗ੍ਰੰਥ, ਸਰਬ ਲੋਹ ਗ੍ਰੰਥ ਆਦਿ ਗੁਰੂ ਗੋਬਿੰਦ ਜੀ ਦੀ ਬਾਣੀ ਨਹੀਂ।
ਦਾਸ ਦੇ ਲੇਖ ਦਸਮ ਗ੍ਰੰਥ ਆਦਿ ਦੀ ਸੱਚੀ ਜਾਣਕਾਰੀ ਗੁਰਸਿੱਖਾਂ ਤਕ ਪਹੁਚਾਨ ਦਾ ਯਤਨ ਹਨ ਤੇ ਨਿਰੋਲ ਗੁਰਬਾਣੀ ਦੇ ਆਧਾਰ ਤੇ ਨਵੀਂ ਸਿੱਖ ਰਹਿਤ ਮਰਯਾਦਾ ਬਨਾਓਨ ਦੇ ਰਾਹ ਤੇ ਇੱਕ ਕਦਮ ਹੈ।

**ਲੇਖਾਂ ਦਾ ਵੇਰਵਾ।**

ਇਹ ਲੇਖ ਸਿਲਸਿਲੇ ਵਾਰ ਨਹੀਂ ਹਨ। ਇਹ ਲੇਖ ਵੱਖ ਵੱਖ ਸਮੇਂ ਤੇ ਲੋੜ ਅਨੁਸਾਰ ਲਿਖੇ ਗਏ।

੧. ਨਿਰੋਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਰਪਿਤ ਸਿੱਖ ਧਰਮ--ਨਵੰਬਰ ੨੦੧੪. Article 1

੨. ਦਸਮ ਗ੍ਰੰਥ, ਸਰਬ ਲੋਹ ਗ੍ਰੰਥ, ਰਹਿਤਨਾਮੇ, ਪੁਰਾਤਨ ਜਨਮ ਸਾਖੀਆਂ ਤੇ ਹੋਰ ਪੁਸਤਕਾਂ ਬਾਰੇ ਲੇਖ। Article 2

੩. ਗੁਰਮੰਤ੍ਰ ਨਾਮ ਵਾਹਿਗੁਰੂ ਦੇ ਜਪ-ਸਿਮਰਣ-ਆਰਾਧਨਾਂ-ਭਗਤੀ ਦੀ ਗੁਰਮਤਿ ਜੁਗਤੀ, ਗੁਰਬਾਣੀ ਉਪਦੇਸ਼ਾਂ ਅਨੁਸਾਰ।
ਗੁਰਬਾਣੀ ਉਪਦੇਸ਼ਾਂ ਅਨੁਸਾਰ ਗੁਰਮਤਿ ਨਾਮ ਵਾਹਿਗੁਰੂ ਦਾ ਜਪੁ-ਸਿਮਰਨ ਕਰਨ ਨਾਲ ਜੀਵਆਤਮਾ ਪਰਮਾਤਮਾ ਵਿਚ ਅਭੇਦ ਹੋ ਜਾਂਦੀ ਹੈ ਤੇ ਜਨਮ ਮਰਨ ਦਾ ਗੇੜ ਖਤਮ ਹੋ ਜਾਂਦਾ ਹੈ। ਧਰਮ ਰਾਜ ਨੂੰ ਲੇਖਾ ਨਹੀਂ ਦੇਣਾਂ ਪੈਂਦਾ।

ਇਹ ਲੇਖ ਇਸ ਲਈ ਲਿਖਿਆ ਗਿਆ ਕਿ ਵੇਦ ਬਾਣੀ ਦੇਵੀ ਦੇਵੀ ਦੇਵਤਿਆਂ ਦੀ ਉਸਤਤਿ ਆਰਾਧਨਾਂ ਦਾ ਉਪਦੇਸ਼ ਦਿੰਦੀ ਹੈ। ਗੁਰਬਾਣੀ ਅਨੁਸਾਰ, ਦੇਵੀ ਦੇਵਤਿਆਂ ਦੀ ਆਰਾਧਨਾਂ ਕਰਨ ਨਾਲ ਧਰਮ ਰਾਜ ਨੂੰ ਲੇਖਾ ਦੇਣਾ ਪੈਂਦਾ ਹੈ ਤੇ ਜਨਮ ਮਰਨ ਦਾ ਗੇੜ ਬਣਿਆਂ ਰਹਿੰਦਾ ਹੈ। ਗੁਰਬਾਣੀ ਦੂਜੇ ਦੀ ਆਰਾਧਨਾਂ ਤੋਂ ਗੁਰਸਿੱਖਾਂ ਨੂੰ ਵਰਜਦੀ ਹੈ। Article 3

**੪. ਲੇਖ ੨ ਸ਼ਬਦਾਰਥ Article 4**

ਗੁਰਬਾਣੀ ਤੋਂ ਤੇ ਭਾਈ ਕਾਹਨ ਸਿੰਘ ਦੇ ਮਹਾਨ ਕੋਸ਼ ਵਿੱਚੋਂ

੫. ਸਨ ੧੯੪੫ ਵਿਚ ਲਾਗੂ ਕੀਤੀ ਰਹਿਤ ਮਰਯਾਦਾ ਅਨੁਸਾਰ ਨਿਤ ਨੇਮ ਤੇ ਨਿਰੋਲ ਗੁਰਬਾਣੀ ਦੇ ਆਧਾਰ ਤੇ ਨਿਤ ਨੇਮ।
ਇਸ ਲੇਖ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਨਿਤ ਨੇਮ ਦੀਆਂ ਬਾਣੀਆਂ ਦਾ ਵੇਰਵਾ ਹੈ। ਇਸ ਵਿਚ ਪਰਚਲਤ ਰਹਿਤ ਮਰਯਾਦਾ ਵਿਚ ਸੱਚੀ ਗੁਰਬਾਣੀ ਦੀਆਂ ਬਾਣੀਆਂ ਤੋਂ ਇਲਾਵਾ ਦੇਵੀ ਦੇਵਤਿਆਂ ਦੀ ਉਸਤਤਿ ਆਰਾਧਨਾਂ ਕਰਾਓਨ ਵਾਲੀਆਂ ਕੱਚੀਆਂ ਦੇਵੀ ਦੇਵਤਿਆਂ ਦੀ ਆਰਾਧਨਾਂ ਕਰਾਓਨ ਵਾਲੀਆਂ ਬਾਣੀਆਂ ਦਾ ਵੇਰਵਾ ਟਿੱਪਨੀਆਂ ਸਮੇਤ ਹੈ। Article 5

੬. ਪਰਸਤਾਵਿਤ ਸਿੱਖ ਰਹਿਤ ਮਰਯਾਦਾ ਗੁਰਬਾਣੀ ਗੁਰੂ ਤੋਂ। Article 6

੭. **ਬੇਨਤੀ**

੮. ਪੁਸਤਕ ਦਸਮ ਗ੍ਰੰਥ ਦੀ ਅਸਲੀਅਤ ਲੇਖਕ ਸ: ਦਲਬੀਰ ਸਿੰਘ M. Sc